Calgary




# ਸਟੌਰਮ ਪੌਂਡ ਸਾਡੀਆਂ ਨਦੀਆਂ ਨੂੰ ਸਾਫ਼ ਰੱਖਦੇ ਹਨ ਅਤੇ ਤੁਹਾਡੀ ਪ੍ਰਾਪਰਟੀ ਦੀ ਰੱਖਿਆ ਕਰਦੇ ਹਨ।

**ਸਟੌਰਮ ਪੌਂਡ ਮੀਂਹ ਦੇ ਪਾਣੀ ਅਤੇ ਪਿਘਲੀ ਹੋਈ ਬਰਫ਼ ਲਈ ਅਸਥਾਈ ਸਟੋਰੇਜ ਦੀ ਥਾਂ ਮੁਹੱਈਆ ਕਰਦੇ ਹਨ। ਭਾਰੀ ਤੂਫ਼ਾਨਾਂ ਦੌਰਾਨ, ਇਹ ਸਾਡੇ ਦਰਿਆਵਾਂ, ਕ੍ਰੀਕਾਂ ਅਤੇ ਨਾਲਿਆਂ ਵਿੱਚ ਛੱਡੇ ਜਾਣ ਵਾਲੇ ਪਾਣੀ ਦੀ ਮਾਤਰਾ ਨੂੰ ਹੌਲੀ-ਹੌਲੀ ਨਿਯੰਤਰਿਤ ਕਰਦੇ ਹਨ ਤਾਂ ਜੋ ਹੜ੍ਹ ਤੋਂ ਬਚਾਅ ਕੀਤਾ ਜਾ ਸਕੇ।**

**ਸਾਡੀ ਸਟੌਰਮਵਾਟਰ ਪ੍ਰਣਾਲੀ ਵਿੱਚ ਪ੍ਰਦੂਸ਼ਕਾਂ ਦੇ ਦਾਖਲ ਹੋਣ ਨੂੰ ਸੀਮਤ ਕਰਨ ਵਿੱਚ ਮਦਦ ਕਰੋ:**

- ਡਾਊਨਸਪਾਊਟਾਂ ਦਾ ਰੁਖ ਬਾਗੀਚਿਆਂ ਅਤੇ ਲਾਨ ਵੱਲ ਕਰਕੇ।
- ਆਪਣੇ ਪਾਲਤੂ ਜਾਨਵਰ ਦੇ ਮੱਲ ਦੀ ਸਫਾਈ ਕਰਕੇ।
- ਆਪਣੇ ਯਾਰਡ, ਗਲੀਆਂ ਅਤੇ ਪਾਰਕਾਂ ਵਿੱਚੋਂ ਕੂੜਾ ਸਾਫ਼ ਕਰਕੇ।
- ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨੂੰ ਸੀਮਤ ਕਰਕੇ।
- ਕਦੇ ਵੀ ਪੌਦਿਆਂ, ਮੱਛੀਆਂ ਜਾਂ ਹੋਰ ਜਾਨਵਰਾਂ ਨੂੰ ਸਟੌਰਮ ਪੌਂਡ ਵਿੱਚ ਨਾ ਛੱਡਕੇ।
- ਆਟੋਮੋਟਿਵ ਲੀਕ ਅਤੇ ਸਪਿਲਸ ਦੀ ਜਾਂਚ ਅਤੇ ਮੁਰੰਮਤ ਕਰਕੇ।







# ਸੁਰੱਖਿਅਤ ਰਹੋ, ਸਟੌਰਮ ਪੌਂਡਸ ਤੋਂ ਦੂਰ ਰਹੋ

## ਇਸਦਾ ਕਾਰਣ ਇਹ ਹੈ

1. ਸਰਦੀਆਂ ਵਿੱਚ, ਸਟੌਰਮ ਪੌਂਡਸ ਦੇ ਪਾਣੀ ਵਿੱਚ ਸੜਕ ਦਾ ਨਮਕ ਅਤੇ ਹੋਰ ਦੂਸ਼ਿਤ ਪਦਾਰਥ ਹੁੰਦੇ ਹਨ ਜੋ ਬਰਫ਼ ਨੂੰ ਖਾ ਜਾਂਦੇ ਹਨ। ਇਹਨਾਂ ਤਲਾਬਾਂ ਉੱਤੇ ਬਰਫ਼ ਅਸਥਿਰ ਹੋ ਸਕਦੀ ਹੈ ਭਾਵੇਂ ਇਹ ਠੋਸ ਦਿਖਾਈ ਦਿੰਦੀ ਹੈ।
2. ਸਟੌਰਮ ਪੌਂਡ 'ਤੇ ਬਰਫ਼ ਦੀ ਮੋਟਾਈ ਤਾਪਮਾਨ ਵਿੱਚ ਤਬਦੀਲੀਆਂ ਦੇ ਨਾਲ ਬਦਲਦੀ ਰਹਿੰਦੀ ਹੈ ਅਤੇ ਇਸਦਾ ਹਮੇਸ਼ਾਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।
3. ਬਰਫ਼ ਦੀ ਸਤ੍ਹਾ ਦੇ ਹੇਠਾਂ, ਪਾਣੀ ਲਗਾਤਾਰ ਵਗਦਾ ਰਹਿੰਦਾ ਹੈ। ਪਾਣੀ ਦੀ ਇਹ ਗਤੀ ਬਰਫ਼ ਨੂੰ ਕਮਜ਼ੋਰ ਕਰਦੀ ਹੈ ਅਤੇ ਇਸਨੂੰ ਅਸਥਿਰ ਬਣਾਉਂਦੀ ਹੈ।
4. ਸਟੌਰਮ ਪੌਂਡਸ ਦੇ ਪਾਣੀ ਵਿੱਚ ਪ੍ਰਦੂਸ਼ਕ ਹੋ ਸਕਦੇ ਹਨ। ਇਹ ਪਾਣੀ ਲੋਕਾਂ ਜਾਂ ਪਾਲਤੂ ਜਾਨਵਰਾਂ ਦੇ ਸੰਪਰਕ ਲਈ ਸੁਰੱਖਿਅਤ ਨਹੀਂ ਹੈ। ਸਟੌਰਮ ਪੌਂਡ ਵਿੱਚੋਂ ਮੱਛੀਆਂ ਖਾਣਾ ਸੁਰੱਖਿਅਤ ਨਹੀਂ ਹੈ।
5. ਤਲਾਬ ਦਾ ਕੰਢਾ ਫਿਸਲਣ ਵਾਲਾ ਅਤੇ ਅਸਥਿਰ ਹੋ ਸਕਦਾ ਹੈ।
6. ਸਟੌਰਮ ਪੌਂਡਸ ਦੇ ਤਲ ਬਹੁਤ ਨਰਮ ਹੁੰਦੇ ਹਨ। ਅੰਦਰ ਆਉਣ ਵਾਲੇ ਲੋਕ ਜਾਂ ਪਾਲਤੂ ਜਾਨਵਰ ਜਲਦੀ ਫਸ ਸਕਦੇ ਹਨ।

**Calgary.ca/stormponds** 'ਤੇ ਹੋਰ ਜਾਣੋ ਜਾਂ ਪਤਾ ਕਰੋ ਕਿ ਕੀ ਤੁਹਾਡੀ ਕਮਿਊਨਿਟੀ ਦਾ ਤਲਾਬ ਸਟੌਰਮ ਪੌਂਡ ਹੈ ਜਾਂ ਨਹੀਂ।
ਸਰਦੀਆਂ ਵਿੱਚ ਖੇਡਣ ਲਈ ਸੁਰੱਖਿਅਤ ਥਾਵਾਂ **calgary.ca/winteractivites** 'ਤੇ ਅਤੇ ਗਰਮੀਆਂ ਵਿੱਚ **calgary.ca/parks** 'ਤੇ ਲੱਭੋ।

ਅਨੁਵਾਦ

24-0038287 | ਸੀਆਰਵੀ-27810